Regd. No. NW/CH-22 Regd. No. CHD/0092/2018-2020

Punjab Government Gazette

Published by Authority

No. 24] CHANDIGARH, FRIDAY, JUNE 12, 2020 (JYAISTHA 22, 1942 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

(ਖੇਤੀਬਾੜੀ-4 ਸ਼ਾਖਾ)

ਅਧਿਸੂਚਨਾ

ਮਿਤੀ 29 ਅਪ੍ਰੈਲ, 2020

ਨੰ:20/04/2020-ਖ.ਬ.-4(3)/2115.-ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸ਼੍ਰੀ ਓਮ ਪ੍ਰਕਾਸ਼, ਬਾਗਬਾਨੀ ਵਿਕਾਸ ਅਫਸਰ, ਦਫਤਰ ਸਹਾਇਕ ਡਾਇਰੈਕਟਰ ਬਾਗਬਾਨੀ ਰੂਪਨਗਰ ਨੂੰ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਸਰਕਾਰੀ ਸੇਵਾ ਤੋਂ ਪੰਜਾਬ ਸਿਵਲ ਸੇਵਾਵਾਂ, ਜ਼ਿਲਦ-1, ਭਾਗ-1 ਦੇ ਨਿਯਮ 3.26 (ਏ) ਅਤੇ (ਬੀ) ਵਿੱਚ ਦਰਜ਼ ਉਪਬੰਧਾਂ ਤਹਿਤ ਮਿਤੀ 30-04-2020 ਨੂੰ ਸੇਵਾ-ਨਿਵਿਰਤ ਕਰਦੇ ਹਨ।

2. ਇਸ ਅਧਿਕਾਰੀ ਵਿਰੁੱਧ ਪੱਤਰ ਨੰ: 21/2/2019ਖ.ਬ.4(3)/8814 ਮਿਤੀ 11-01-2019 ਅਤੇ 21/2/2019ਖ.ਬ.4(3)/505 ਮਿਤੀ 22-01-2020 ਰਾਹੀਂ ਦੋਸ਼ ਸੂਚੀਆਂ ਲੰਬਿਤ ਹਨ। ਇਸ ਤੋਂ ਇਲਾਵਾ ਪੱਤਰ ਨੰ: 4272/ਬ-1(2) ਮਿਤੀ 11-03-2020 ਰਾਹੀਂ "ਐਕਸ ਇੰਡੀਆ ਲੀਵ" ਸਬੰਧੀ ਇਕ ਹੋਰ ਚਾਰਜਸ਼ੀਟ ਜਾਰੀ ਕਰਨ ਸਬੰਧੀ ਕੇਸ ਵਿਚਾਰ ਅਧੀਨ ਹੈ। ਅਧਿਕਾਰੀ ਦੀ ਸੇਵਾ-ਨਿਵਿਰਤੀ ਸਬੰਧੀ ਅਧਿਸੂਚਨਾ ਉਕਤ ਕੇਸਾਂ ਦੇ ਹੋਣ ਵਾਲੇ ਫੈਸਲਿਆਂ ਦੇ ਅਸਰ ਅਧੀਨ ਹੋਵੇਗੀ।

3. ਇਸ ਤੋਂ ਇਲਾਵਾ ਜੇਕਰ ਭਵਿੱਖ ਵਿੱਚ ਇਸ ਅਧਿਕਾਰੀ ਵਿਰੁੱਧ ਕੋਈ ਸਰਕਾਰੀ ਰਿਕਵਰੀ/ਬਕਾਇਆ ਜਾਂ ਅਨੁਸ਼ਾਸਨੀ ਕਾਰਵਾਈ ਦਾ ਕੇਸ ਵਿਭਾਗ/ਸਰਕਾਰ ਦੇ ਧਿਆਨ ਵਿੱਚ ਆਇਆ ਤਾਂ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਭਾਗ-2 ਦੇ ਨਿਯਮ 2.2 (ਬੀ) ਤਹਿਤ ਕਾਰਵਾਈ ਕੀਤੀ ਜਾਵੇਗੀ।

ਵਿਸ਼ਵਾਜੀਤ ਖੰਨਾ

ਵਧੀਕ ਮੁੱਖ ਸਕੱਤਰ (ਵਿਕਾਸ),

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ।

ਚੰਡੀਗੜ੍ਹ

ਮਿਤੀ 27 ਅਪ੍ਰੈਲ, 2020

2034/6-2020/Pb. Govt. Press, S.A.S. Nagar